# ਪੰਜਾਬ ਸਕੂਲ ਸਿੱਖਿਆ ਬੋਰਡ

## ਨਮੂਨੇ ਦਾ ਪ੍ਰਸ਼ਨ ਪੱਤਰ, 2023-24

ਜਮਾਤ: ਪੰਜਵੀਂ

ਪੰਜਾਬੀ (ਦੂਜੀ ਭਾਸ਼ਾ)

ਸਮਾਂ- ਤਿੰਨ ਘੰਟੇ ਕੁੱਲ ਅੰਕ: 80

**ਨੋਟ**: ਸੁੰਦਰ ਲਿਖਾਈ ਲਈ 10 ਅੰਕ ਨਿਰਧਾਰਿਤ ਹਨ।

ਪ੍ਰਸ਼ਨ-1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਦੇ ਉੱਤਰ ਦਿਓ: 4X2=8

ਬੁੱਢੀ ਮਾਈ ਮੁਸਕਰਾ ਪਈ। ਆਪਣੀ ਡੰਗੋਰੀ ਉਤਾਂਹ ਚੁੱਕ ਕੇ ਉਹ ਬੋਲੀ, 'ਜਾਹ ਅਗਲੇ ਚੌਵੀ ਘੰਟੇ ਤੈਨੂੰ ਕਿਧਰੇ ਵੀ ਬਾਲਣ ਨਹੀਂ ਮਿਲ਼ੇਗਾ।'

ਬੁੱਢੀ ਦੇ ਬੋਲ ਪੂਰੇ ਹੁੰਦੇ ਹੀ ਸਨ ਪਰ ਸ਼ਹਿਰੀ ਬੰਦੇ ਨੂੰ ਵਿਸ਼ਵਾਸ ਨਾ ਆਇਆ। ਉਸ ਨੇ ਸੋਚਿਆ, 'ਬੁੱਢੀ ਝੱਲੀ ਹੋ ਗਈ ਏ।' ਉਹ ਅੱਗ ਲੈਣ ਅਗਲੇ ਘਰ ਚਲਾ ਗਿਆ ਪਰ ਉਸ ਨੇ ਵੇਖਿਆ ਕਿ ਉਸ ਘਰ ਵਿੱਚ ਬਾਲਣ ਮੁੱਕਿਆ ਹੋਇਆ ਸੀ।

ਸ਼ਹਿਰੀ ਬੰਦਾ ਉਸ ਪਿਛੋਂ ਘਰ-ਘਰ ਫਿਰਿਆ ਪਰ ਸਾਰੇ ਲੋਕ ਹੀ ਬਾਲਣ ਮੁੱਕਣ ਦੀ ਸ਼ਿਕਾਇਤ ਕਰ ਰਹੇ ਸਨ। ਕਿਸੇ ਦੇ ਘਰ ਚਾਹ-ਪਾਣੀ ਨਹੀਂ ਸੀ ਬਣਿਆ। ਰੋਟੀ ਨਹੀਂ ਸੀ ਪੱਕੀ। ਭੁੱਖੇ ਨਿਆਣੇ ਵਿਹੜਿਆਂ ਵਿੱਚ ਵਿਲਕਦੇ ਫਿਰਦੇ ਸਨ।

ਤਦ ਸ਼ਹਿਰੀ ਬੰਦੇ ਨੂੰ ਵਿਸ਼ਵਾਸ ਹੋ ਗਿਆ ਕਿ ਉਸ ਬੁੱਢੀ ਦੇ ਬੋਲ ਸੱਚ-ਮੁੱਚ ਪੂਰੇ ਹੋ ਗਏ ਨੇ। ਫਿਰ ਉਸ ਨੇ ਸੋਚਿਆ, ਹੋ ਸਕਦਾ ਏ ਬਾਲਣ ਏਸ ਪਿੰਡ ਵਿੱਚ ਹੀ ਮੁੱਕਿਆ ਹੋਵੇ। ਸ਼ਹਿਰ ਚੱਲਦੇ ਹਾਂ, ਉੱਥੇ ਤਾਂ ਬਾਲਣ ਦੀ ਥਾਂ ਕੋਲਾ, ਮਿੱਟੀ ਦਾ ਤੇਲ, ਗੈਸ ਤੇ ਬਿਜਲੀ ਵਰਤੀ ਜਾਂਦੀ ਹੈ। ਉਹ ਜਦੋਂ ਪਿੰਡੋਂ ਬਾਹਰ ਆਇਆ ਤਾਂ ਸੜਕ ਉੱਤੇ ਇੱਕ ਬੱਸ ਖਲੋਤੀ ਸੀ। ਉਸ ਦੇ ਆਲ਼ੇ-ਦੁਆਲ਼ੇ ਚਾਲ਼ੀ-ਪੰਜਾਹ ਬੰਦੇ ਇੱਕਠੇ ਹੋਏ ਖੜ੍ਹੇ ਸਨ। ਸ਼ਹਿਰੀ ਨੇ ਸੋਚਿਆ, ਇਹ ਵੀ ਚੰਗਾ ਹੋਇਆ। ਉਹ ਬੱਸ ਉੱਤੇ ਛੇਤੀ ਹੀ ਸ਼ਹਿਰ ਪਹੁੰਚ ਜਾਏਗਾ। ਬੱਸ ਦੇ ਕੋਲ਼ ਆਇਆ ਤਾਂ ਪਤਾ ਲੱਗਿਆ ਕਿ ਉਹ ਖ਼ਰਾਬ ਹੈ। ਉਸ ਨੇ ਭੀੜ ਵਿੱਚ ਘਿਰੇ ਹੋਏ ਬੱਸ ਦੇ ਡ੍ਰਾਈਵਰ ਨੂੰ ਪੁੱਛਿਆ, 'ਕੀ ਖ਼ਰਾਬੀ ਹੋ ਗਈ, ਭਰਾਵਾ?'

(i) ਬੁੱਢੀ ਮਾਈ ਆਪਣੀ ਡੰਗੋਰੀ ਉਤਾਂਹ ਚੁੱਕ ਕੇ ਕੀ ਬੋਲੀ ?

..................................................................................................................................

..................................................................................................................................

(ii) ਸ਼ਹਿਰੀ ਬੰਦੇ ਨੇ ਕੀ ਸੋਚਿਆ ?

..................................................................................................................................

..................................................................................................................................

(iii) ਸਾਰੇ ਲੋਕ ਕੀ ਸ਼ਿਕਾਇਤ ਕਰ ਰਹੇ ਸਨ ?

..................................................................................................................................

..................................................................................................................................

(iv) ਸ਼ਹਿਰ ਬਾਲਣ ਦੀ ਹੋਰ ਕੀ-ਕੀ ਵਰਤਿਆ ਜਾਂਦਾ ਹੈ ?

..................................................................................................................................

..................................................................................................................................

(v) ਬੱਸ ਕੋਲ਼ ਆ ਕੇ ਸ਼ਹਿਰੀ ਨੂੰ ਕੀ ਪਤਾ ਲੱਗਿਆ ?

..................................................................................................................................

..................................................................................................................................

ਪ੍ਰਸ਼ਨ-2.ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦਸ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਉੱਤਰ ਚੁਣ ਕੇ ਲਿਖੋ: 10X1 =10

(i) 'ਸਾਡਾ ਦੇਸ ਮਹਾਨ'ਕਵਿਤਾ ਵਿੱਚ ਕਿਸ ਦੇਸ ਨੂੰ ਮਹਾਨ ਕਿਹਾ ਗਿਆ ਹੈ ?

1. ਪੰਜਾਬ 2. ਗੁਜਰਾਤ 3. ਭਾਰਤ 4. ਉੜੀਸਾ

ਉੱਤਰ:- .........

(ii) ਹੈਰੀ ਦੇ ਮਾਮਾ ਜੀ ਕੀ ਕੰਮ ਕਰਦੇ ਸਨ ?

1. ਡਾਕਟਰ 2. ਸ਼ਿਕਾਰੀ 3. ਕਿਸਾਨ 4. ਵਪਾਰੀ

ਉੱਤਰ:- .........

(iii) ਕਿੱਕਲੀ .................. ਦੀਆਂ ਕੁੜੀਆਂ ਦੀ ਹਰਮਨ ਪਿਆਰੀ ਖੇਡ ਕਿਹੜੀ ਹੈ ।

1. ਉੱਤਰ-ਪ੍ਰਦੇਸ਼ 2. ਰਾਜਸਥਾਨ 3. ਪੰਜਾਬ 4. ਤਾਮਿਲਨਾਡੂ

(iv) 'ਕੌਮ ਦੀ ਸੇਵਾਦਾਰ' ਕਵਿਤਾ ਵਿੱਚ ਕੌਮ ਦੀ ਸੇਵਾਦਾਰ ਕਿਸ ਨੂੰ ਕਿਹਾ ਗਿਆ ਹੈ ?

1. ਡਾਕਟਰਨੀ 2. ਅਧਿਆਪਕਾ 3. ਗੁਆਂਢਣ 4. ਨਰਸ

ਉੱਤਰ:- .........

(v) ਗੁਲਾਬ ਦਾ ਪੌਦਾ ਕਿੰਨੇ ਦਿਨਾਂ ਤੋਂ ਬਿਮਾਰ ਸੀ ?

1. ਇੱਕ-ਦੋ 2. ਦੋ-ਤਿੰਨ 3. ਤਿੰਨ-ਚਾਰ 4. ਚਾਰ-ਪੰਜ

ਉੱਤਰ:- .........

(vi) ਨਿੰਮੀ ਨੂੰ ਗੀਟੇ ਖੇਡਣ ਲਈ ਕਿਸ ਨੇ ਬੁਲਾਇਆ ਸੀ ?

1. ਪੰਮੀ ਨੇ 2. ਨਿੰਮੀ ਦੀ ਮਾਤਾ ਜੀ ਨੇ 3. ਨਿੰਮੀ ਦੀ ਆਂਟੀ ਨੇ 4. ਪਵਿੱਤਰ ਨੇ

ਉੱਤਰ:- .......

(vii) ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ ?

1. ਪਹਿਲੇ 2. ਪੰਜਵੇਂ 3. ਨੌਵੇਂ 4. ਦਸਵੇਂ

ਉੱਤਰ:- .........

(viii) 'ਚੰਦਰੀ ਲੂੰਬੜੀ' ਕਿਹੜੇ ਜੰਗਲ਼ ਵਿੱਚ ਰਹਿੰਦੀ ਸੀ ?

1. ਬਾਹਰਲੇ 2. ਅੰਦਰਲੇ 3. ਪਹਾੜੀ 4. ਸੰਘਣੇ

ਉੱਤਰ:- .........

(ix) ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਸ ਜਗ੍ਹਾ ਕੈਦ ਕਰਕੇ ਰੱਖਿਆ ਗਿਆ ?

1. ਮੋਰਿੰਡੇ ਦੇ ਥਾਣੇ 'ਚ 2. ਸਰਹਿੰਦ ਦੇ ਕਿਲ੍ਹੇ 'ਚ 3. ਸਰਹਿੰਦ ਦੇ ਠੰਢੇ ਬੁਰਜ 'ਚ
4. ਅਨੰਦਪੁਰ ਸਾਹਿਬ ਦੇ ਕਿਲ੍ਹੇ 'ਚ

ਉੱਤਰ:- .........

(x) ਰਵੀ ਕਿਸ ਪ੍ਰਾਂਤ ਦਾ ਵਸਨੀਕ ਸੀ ?

1. ਹਰਿਆਣਾ 2. ਬੰਗਾਲ 3. ਪੰਜਾਬ 4. ਜੰਮੂ ਅਤੇ ਕਸ਼ਮੀਰ

ਉੱਤਰ:- .........

(xi) ਉੱਡਣਾ ਸਿੱਖ-ਮਿਲਖਾ ਸਿੰਘ ਕੀ ਹੈ ?

1. ਕਬੱਡੀ-ਖਿਡਾਰੀ 2. ਮੁੱਕੇਬਾਜ਼ 3. ਪਹਿਲਵਾਨ 4. ਦੌੜਾਕ

ਉੱਤਰ:- .........

(xii) ਸਤਨਾਮ ਦੇ ਪਾਪਾ ਅਤੇ ਸ਼ੈਂਟੀ ਦੇ ਡੈਡੀ ............. ਸਨ ।

1. ਦੋਸਤ 2. ਚਚੇਰੇ ਭਰਾ 3. ਸਕੇ ਭਰਾ 4. ਪੱਕੇ ਦੁਸ਼ਮਣ

ਉੱਤਰ:- .........

ਪ੍ਰਸ਼ਨ-3.ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ : 7X2=14

(i) ਹੈਰੀ ਦੇ ਘਰ ਦੇ ਚੜ੍ਹਦੇ ਪਾਸੇ ਵੱਲ ਕਿਹੜੀਆਂ ਪਹਾੜੀਆਂ ਸਨ ?

..........................................................................................................................
..........................................................................................................................
..........................................................................................................................
..........................................................................................................................

(ii) ਕਿਕਲੀ ਪਾਠ ਵਿੱਚ ਆਏ ਕਿਸੇ ਦੋ ਰਿਸ਼ਤਿਆਂ ਦੇ ਨਾਂ ਲਿਖੋ।

..........................................................................................................................
..........................................................................................................................
..........................................................................................................................
..........................................................................................................................

(iii) ਨਾਨੀ ਜੀ ਨੇ ਨਵੀਨ ਨੂੰ ਕਿਨ੍ਹਾਂ ਦੀ ਕਹਾਣੀ ਸੁਣਾਈ ?

..........................................................................................................................
..........................................................................................................................
..........................................................................................................................
..........................................................................................................................

(iv) ਸਤਨਾਮ ਨੂੰ ਪਾਪਾ ਦੀ ਕਹੀ ਕਿਹੜੀ ਗੱਲ ਸਮਝ ਆ ਗਈ ਸੀ ?

..........................................................................................................................
..........................................................................................................................
..........................................................................................................................
..........................................................................................................................

(v) ਘੜੇ ਦਾ ਪਾਣੀ ਉੱਪਰ ਤਕ ਲਿਆਉਣ ਲਈ ਕਾਂ ਨੇ ਕਿਹੜੀ ਜੁਗਤ ਵਰਤੀ ?

..........................................................................................................................
..........................................................................................................................
..........................................................................................................................
..........................................................................................................................

(vi) ਬਾਲਣ ਮੁੱਕਣ ਨਾਲ਼ ਆਵਾਜਾਈ ਦੇ ਕਿਹੜੇ-ਕਿਹੜੇ ਸਾਧਨ ਚੱਲਣੋਂ ਰੁਕ ਗਏ ਸਨ ?

..........................................................................................................................
..........................................................................................................................
..........................................................................................................................
..........................................................................................................................

(vii) ਸੁਹੇਲ ਨੇ ਮੂੰਗਫਲੀ ਦੀਆਂ ਗਿਰੀਆਂ ਕਿਸ-ਕਿਸ ਨੂੰ ਖਾਣ ਲਈਆਂ ਦਿੱਤੀਆਂ ?

..........................................................................................................................
..........................................................................................................................
..........................................................................................................................
..........................................................................................................................

(viii) ਕਸ਼ਮੀਰ ਦੇ ਪੰਡਤ ਕਿਹੜੀ ਗੱਲੋਂ ਦੁਖੀ ਸਨ ?

..........................................................................................................................
..........................................................................................................................
..........................................................................................................................
..........................................................................................................................

(ix) ਖ਼ਰਗੋਸ਼ਾਂ ਦੇ ਗੁੰਮ ਹੋਣ ਦਾ ਭੇਤ ਕਿਵੇਂ ਖੁੱਲ੍ਹਿਆ ?

..........................................................................................................................
..........................................................................................................................
..........................................................................................................................
.........................................................................................................................

ਪ੍ਰਸ਼ਨ-4. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖੋ: 4X1=4

ਉਹ - ............................

ਧਿਆਨ - ............................

ਪਾਣੀ - ............................

ਸੋਚਿਆ - ............................

ਪੰਛੀ - ............................

ਪ੍ਰਸ਼ਨ-5.ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ: 4X1=4

धीरे - ............................

फिर - ............................

भय - ............................

जानवर - ............................

प्रेरणा - ............................

ਪ੍ਰਸ਼ਨ-6. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋਂ: 4X1=4

ਹਰਮਨ-ਪਿਆਰਾ- ..........................................................................................

ਮਰੀਜ਼ - ..........................................................................................

ਮਿਹਨਤ - ..........................................................................................

ਦਾਦੀ - ..........................................................................................

ਮੁਕਾਬਲਾ- ..........................................................................................

ਪ੍ਰਸ਼ਨ-7 .ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਚੁਣ ਕੇ ਖਾਲੀ ਥਾਂਵਾਂ ਭਰੋ: 4X1=4

(ਜੰਗਲ, ਸੁੰਦਰ, ਚਟਨੀ, ਧਰਮ)

(i) ਸਾਹਿਬਜ਼ਾਦਿਆਂ ਨੂੰ ........................ ਬਦਲਣ ਲਈ ਮਜ਼ਬੂਰ ਕੀਤਾ ਗਿਆ।

(ii) ਲੂੰਬੜੀ ਦੇ ਮਰਨ ਦੀ ਖ਼ਬਰ ਸਾਰੇ .................... ਵਿੱਚ ਫੈਲ ਗਈ।

(iii) ਜਿਹੜੀ ਲਿਖਾਈ ਸੁਖਾਲੀ ਪੜ੍ਹੀ ਜਾ ਸਕੇ, ਉਹ ............ ਹੁੰਦੀ ਹੈ।

(iv) ਪੁਦੀਨੇ ਦੀ .................... ਬੜੀ ਵਧੀਆ ਬਣੀ ਏ।

ਪ੍ਰਸ਼ਨ-8. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਦੇ ਲਿੰਗ ਬਦਲੋ: 4X1=4

ਮੁੰਡਾ - ............................

ਘੋੜਾ - ............................

ਚਾਚਾ - ............................

ਬਾਂਦਰ - ............................

ਨਾਨਾ - ............................

ਪ੍ਰਸ਼ਨ-9. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਦੇ ਵਚਨ ਬਦਲੋ: 4X1=4

ਕਾਕਾ - ............................

ਲੜਕਾ - ............................

ਚਿੜੀ - ............................

ਪੁਸਤਕ - ............................

ਬਸਤਾ - ............................

ਕਾਪੀ - ............................

ਪ੍ਰਸ਼ਨ-10. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ: 1X7=7

ਸਾਡਾ ਸਕੂਲ, ਮੇਰਾ ਅਧਿਆਪਕ, ਸ੍ਰੀ ਗੁਰੂ ਨਾਨਕ ਦੇਵ ਜੀ, ਦਿਵਾਲੀ

..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................
..........................................................................................................................

........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
......................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
......................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
......................................................................................................................

ਪ੍ਰਸ਼ਨ-11.ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਜ਼ਰੂਰੀ ਕੰਮ ਹੋਣ ਕਾਰਨ ਛੁੱਟੀ ਲੈਣ ਲਈ ਪੱਤਰ ਲਿਖੋ।

ਜਾਂ

ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਬਿਮਾਰ ਹੋਣ ਕਾਰਨ ਛੁੱਟੀ ਲੈਣ ਲਈ ਪੱਤਰ ਲਿਖੋ। 1X7 = 7

........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................
........................................................................................................................

................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................
................................................................................................................................

**ਨੋਟ:** ਨਮੂਨੇ ਦਾ ਇਹ ਪ੍ਰਸ਼ਨ-ਪੱਤਰ ਕੇਵਲ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਪ੍ਰਸ਼ਨ-ਪੱਤਰ ਦਾ ਢੰਗ ਸਮਝਣ ਲਈ ਹੈ। ਸਲਾਨਾ ਪਰੀਖਿਆ ਵਿੱਚ ਪ੍ਰਸ਼ਨਾਂ ਵਿੱਚ ਕੁਝ ਵਿਭਿੰਨਤਾ ਹੋ ਸਕਦੀ ਹੈ।